# ਕੈਨੇਡਾ ਦੇ ਮਾਲਟਨ ਵਿੱਚ ਹੋਈ ਨਗਰ ਕੀਰਤਨ ਦੀ ਪਰੇਡ ਵਿੱਚ, ਫਲੋਟ ਦੇ ਸੰਬੰਧ ਵਿੱਚ, ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵਲੋਂ ਜਵਾਬ

ਮਈ 07, 2024

**ਮਾਲਟਨ, ਕੈਨੇਡਾ ਵਿੱਚ ਹੋਈ ਨਗਰ ਕੀਰਤਨ ਦੀ ਪਰੇਡ ਵਿੱਚ, ਫਲੋਟ ਦੇ ਸੰਬੰਧ ਵਿੱਚ, ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਸਰਕਾਰੀ ਬੁਲਾਰੇ, ਸ਼੍ਰੀ ਰਣਧੀਰ ਜੈਸਵਾਲ ਨੇ ਕਿਹਾ:**

" ਜਿਵੇਂ ਕਿ ਤੁਸੀਂ ਇਸ ਗੱਲ ਨਾਲ ਜਾਣੂ ਹੋ, ਕੈਨੇਡਾ ਵਿੱਚ ਕੱਟੜਪੰਥੀ ਤੱਤਾਂ ਦੁਆਰਾ, ਸਾਡੀ ਰਾਜਨੀਤਿਕ ਲੀਡਰਸ਼ਿਪ ਦੇ ਵਿਰੁੱਧ ਵਰਤੀਆਂ ਜਾ ਰਹੀਆਂ ਹਿੰਸਕ ਤਸਵੀਰਾਂ ਬਾਰੇ, ਅਸੀਂ ਵਾਰ-ਵਾਰ ਸਾਡੀਆਂ ਗਹਿਰੀ ਚਿੰਤਾਵਾਂ ਨੂੰ ਜ਼ਾਹਰ ਕੀਤਾ ਹੈ। ਪਿਛਲੇ ਸਾਲ ਇੱਕ ਜਲੂਸ ਵਿੱਚ ਸਾਡੇ ਸਾਬਕਾ ਪ੍ਰਧਾਨ ਮੰਤਰੀ ਦੀ ਹੱਤਿਆ ਨੂੰ ਦਰਸਾਉਂਦੀ ਇੱਕ ਫਲੋਟ ਦੀ ਵਰਤੋਂ ਕੀਤੀ ਗਈ ਸੀ। ਪੂਰੇ ਕੈਨੇਡਾ ਵਿੱਚ ਭਾਰਤੀ ਡਿਪਲੋਮੈਟਾਂ ਦੇ ਵਿਰੋਧ ਵਿੱਚ ਹਿੰਸਾ ਕਰਨ ਦੇ ਧਮਕੀ ਭਰੇ ਪੋਸਟਰ ਵੀ ਲਗਾਏ ਗਏ ਹਨ।

ਹਿੰਸਾ ਦਾ ਜਸ਼ਨ ਮਨਾਉਣਾ ਅਤੇ ਇਸਦੀ ਸਿਫਤ ਕਰਨਾ ਕਿਸੇ ਵੀ ਸੱਭਿਅਕ ਸਮਾਜ ਦਾ ਹਿੱਸਾ ਨਹੀਂ ਹੋਣਾ ਚਾਹੀਦਾ। ਕਾਨੂੰਨ ਦੇ ਸ਼ਾਸਨ ਦਾ ਸਨਮਾਨ ਕਰਨ ਵਾਲੇ ਲੋਕਤੰਤਰੀ ਮੁਲਕਾਂ ਨੂੰ, ਪ੍ਰਗਟਾਵੇ ਦੀ ਆਜ਼ਾਦੀ ਦੇ ਨਾਂ 'ਤੇ ਕੱਟੜਪੰਥੀ ਤੱਤਾਂ ਨੂੰ ਡਰਾਉਣ-ਧਮਕਾਉਣ ਦੀ ਗਤੀਵਿਧੀਆਂ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ।

ਅਸੀਂ ਕੈਨੇਡਾ ਵਿੱਚ ਸਾਡੇ ਕੂਟਨੀਤਕ ਨੁਮਾਇੰਦਿਆਂ ਦੀ ਸੁਰੱਖਿਆ ਬਾਰੇ ਚਿੰਤਤ ਹਾਂ ਅਤੇ ਉਮੀਦ ਕਰਦੇ ਹਾਂ ਕਿ ਕੈਨੇਡਾ ਸਰਕਾਰ ਇਹ ਸੁਨਿਸ਼ਚਿਤ ਕਰੇਗੀ ਕਿ ਸਾਡੇ ਕੂਟਨੀਤਕ ਨੁਮਾਇੰਦੇ (ਡਿਪਲੋਮੇਟਸ) ਬਿਨਾਂ ਕਿਸੇ ਡਰ ਦੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾ ਸਕਣ।

ਅਸੀਂ ਕੈਨੇਡਾ ਸਰਕਾਰ ਨੂੰ ਫਿਰ ਤੋਂ ਅਪੀਲ ਕਰਦੇ ਹਾਂ ਕਿ ਉਹ ਅਪਰਾਧੀ ਅਤੇ ਵੱਖਵਾਦੀ ਤੱਤਾਂ ਨੂੰ ਕੈਨੇਡਾ ਵਿੱਚ ਸੁਰੱਖਿਅਤ ਪਨਾਹ ਅਤੇ ਰਾਜਨੀਤਿਕ ਜਗ੍ਹਾ ਪ੍ਰਦਾਨ ਕਰਨਾ ਬੰਦ ਕਰੇ।"

**ਨਵੀਂ ਦਿੱਲੀ**
**ਮਈ 07, 2024**